# ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਘੁੰਡ' : ਪਾਠਗਤ ਅਧਿਐਨ

ਹਰਮੀਤ ਕੌਰ (ਡਾ.)*

ਕੁਲਵੰਤ ਸਿੰਘ ਵਿਰਕ ਪੰਜਾਬੀ ਦੇ ਉੱਘੇ ਕਹਾਣੀਕਾਰਾਂ ਵਿੱਚੋਂ ਹੈ । ਉਹ ਪੰਜਾਬ ਦੀ ਧਰਤੀ ਨਾਲ ਜੁੜਿਆ ਅਤੇ ਉਸ ਦੇ ਮੋਹ ਵਿੱਚ ਭਿੱਜਿਆ ਲੇਖਕ ਹੈ। ਉਹ ਤਕਰੀਬਨ ਜ਼ਿਆਦਾਤਰ ਕਹਾਣੀਆਂ ਇਸੇ ਪੇਂਡੂ ਪਿਛੋਕੜ ਤੇ ਪੰਜਾਬੀ ਸਭਿਆਚਾਰ ਦੇ ਆਲੇ ਦੁਆਲੇ ਰੱਖ ਕੇ ਸਿਰਜਦਾ ਹੈ । ਉਸ ਦੇ ਆਪਣੇ ਸ਼ਬਦਾਂ ਵਿੱਚ :

"ਜਿਸ ਜੀਵਨ ਦਾ ਅਨੁਭਵ ਮੈਨੂੰ ਹੋਇਆ ਉਹ ਬੜਾ ਸਾਦਾ ਜਿਹਾ ਸੀ । ਬੱਸ ਮਨੁੱਖ ਉਸ ਦਾ ਟੱਬਰ ਅਤੇ ਡੰਗਰ, ਪੈਲੀਆਂ, ਮੀਂਹ ਅਤੇ ਰੁੱਤਾਂ ਜਿਨ੍ਹਾਂ ਨਾਲ ਫ਼ਸਲਾਂ ਵਧ ਕੇ ਪੱਕਦੀਆਂ ਅਤੇ ਮਨੁੱਖ ਦਾ ਬਲੀ ਹੱਥ ਜਿਹੜਾ ਹਰ ਸ਼ੈਅ ਵਿਚ ਜਾਨ ਪਾਉਂਦਾ ਅਤੇ ਦੁਸ਼ਮਣਾਂ ਨੂੰ ਫਲ ਪਾਈ ਰੱਖਦਾ । ਬਾਕੀ ਚੀਜ਼ਾਂ ਜਿਵੇਂ ਕਲਾ, ਪ੍ਰੇਮ ਅਤੇ ਇਸਤਰੀ ਐਵੇਂ ਫੈਸ਼ਨ ਜਾਂ ਵੈਲ ਸਨ।"

ਕੁਲਵੰਤ ਸਿੰਘ ਵਿਰਕ ਦੇ ਇਸ ਕਥਨ ਵਿੱਚ ਉਸਦੀ ਕਹਾਣੀ ਕਲਾ ਦੀ ਵਿਲੱਖਣਤਾ ਨਾਲ ਜਾਣ ਪਛਾਣ ਹੁੰਦੀ ਹੈ । ਇਸ ਤੋਂ ਪਤਾ ਚਲਦਾ ਹੈ ਕਿ ਲੇਖਕ ਆਪਣੇ ਘਰ ਪਰਿਵਾਰ ਤੇ ਸੱਭਿਆਚਾਰ ਨਾਲ ਕਿੰਨੀ ਗਹਿਰਾਈ ਨਾਲ ਜੁੜ੍ਹਿਆ ਹੋਇਆ ਹੈ । ਉਸ ਨੂੰ ਆਪਣੇ ਸੱਭਿਆਚਾਰ ਦੀ ਇਸ ਵਿਰਾਸਤ ਦੀ ਸਾਦਗੀ ਨੇ ਬਹੁਤ ਪ੍ਰਭਾਵਿਤ ਕੀਤਾ ਹੈ । ਇਹੀ ਕਾਰਨ ਹੈ ਕਿ ਉਸ ਦੀਆਂ ਕਹਾਣੀਆਂ ਪੰਜਾਬੀ ਸੱਭਿਆਚਾਰ ਦੇ ਸਿੱਧੇ ਸਾਦੇ ਪਾਠਕਾਂ ਨੂੰ, ਉਨ੍ਹਾਂ ਦੀ ਸਾਦਗੀ ਸਮੇਤ ਪੇਸ਼ ਕਰਦੀਆਂ ਹਨ । ਜਿਸ ਨਾਲ ਉਨ੍ਹਾਂ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਉਜਾਗਰ ਹੁੰਦਾ ਹੈ । ਮੁੱਖ ਗੱਲ ਇਹ ਹੈ ਕਿ ਉਹ ਆਪਣੇ ਜੀਵਨ ਅਨੁਭਵ ਵਿੱਚੋਂ ਕਿਸੇ ਬਹੁਤ ਹੀ ਸਾਦੀ ਜਿਹੀ ਘਟਨਾ ਨੂੰ ਲੈ ਕੇ ਉਸ ਨੂੰ ਬਹੁਤ ਡੂੰਘੇ ਅਰਥਾਂ ਦਾ ਪ੍ਰਤੀਕ ਬਣਾ ਦਿੰਦਾ ਹੈ । ਜਿਸ ਨਾਲ ਪੰਜਾਬੀ ਸਮਾਜ ਦੇ ਆਰਥਿਕ ਤੇ ਸਮਾਜਿਕ ਸੱਭਿਆਚਾਰਕ ਹਾਲਾਤ ਆਪ ਮੁਹਾਰੇ ਮੂੰਹ ਬੋਲਦੀ ਤਸਵੀਰ ਵਾਂਗ ਪੇਸ਼ ਹੋ ਜਾਂਦੇ ਹਨ । ਕੁਲਵੰਤ ਸਿੰਘ ਵਿਰਕ ਦੀ ਕਹਾਣੀ ਘੁੰਡ ਉਸ ਦੀ ਇਸੇ ਕਹਾਣੀ ਕਲਾ ਦੇ ਪੱਖ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ ।

---

* ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਦਿਆਲ ਸਿੰਘ ਕਾਲਜ, ਲੋਧੀ ਰੋੜ, ਨਵੀਂ ਦਿੱਲੀ।

ਅਸੀਂ ਆਪਣੇ ਖੋਜ ਪੱਤਰ ਰਾਹੀਂ 'ਘੁੰਡ' ਕਹਾਣੀ ਦਾ ਪਾਠਗਤ ਅਧਿਐਨ ਕਰਨ ਦਾ ਜਤਨ ਕੀਤਾ ਹੈ। ਇਸ ਕਹਾਣੀ ਵਿੱਚ ਕੁਲਵੰਤ ਸਿੰਘ ਵਿਰਕ ਨੇ ਇੱਕ ਐਸੀ ਕੁੜੀ ਦੀ ਕਹਾਣੀ ਕਹੀ ਹੈ ਜੋ ਕਿ ਆਪਣੇ ਵਿਆਹ ਦੀ ਉਮਰ ਖੁੰਝਾ ਚੁੱਕੀ ਹੈ ਤੇ ਸ਼ਹਿਰ ਵਿੱਚ ਆਪਣੀ ਮਾਂ ਨਾਲ ਕਿਰਾਏ ਦੇ ਇੱਕ ਛੋਟੇ ਜਿਹੇ ਕਮਰੇ ਵਿੱਚ ਰਹਿੰਦੀ ਹੈ । ਉਸ ਦਾ ਪਿਤਾ, ਭਰਾ ਅਤੇ ਭਰਜਾਈ ਪਿੰਡ ਵਿਚ ਰਹਿੰਦੇ ਹਨ । ਭਰਾ ਜ਼ਿਆਦਾ ਪੜ੍ਹ ਲਿਖ ਨਾ ਸਕਿਆ ਜਿਸਦੀ ਲਈ ਉਸ ਦੇ ਪਿਤਾ ਦਾ ਸੁਪਨਾ ਕਿ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆ ਦੇਵੇ, ਅਧੂਰਾ ਰਹਿ ਗਿਆ । ਇਸ ਅਧੂਰੇ ਸੁਪਨੇ ਨੂੰ ਹੁਣ ਉਸਦੀ ਕੁੜੀ ਹੀ ਪੂਰਾ ਕਰਦੀ ਹੈ । ਕੁੜੀ, ਆਪਣੇ ਪਿਤਾ ਦੇ ਕਿਸੇ ਜਾਣ ਪਛਾਣ ਵਾਲੇ ਦੀ ਸਹਾਇਤਾ ਨਾਲ ਨਾਲ ਸ਼ਹਿਰ ਵਿੱਚ ਨੌਕਰੀ ਹਾਸਲ ਕਰ ਲੈਂਦੀ ਹੈ । ਉਸ ਦੇ ਮਾਂ ਬਾਪ ਕੁੜੀ ਨੂੰ ਸ਼ਹਿਰ ਵਿਚ ਇਕੱਲਿਆਂ ਨਹੀਂ ਛੱਡਣਾ ਚਾਹੁੰਦੇ । ਇਹੀ ਕਾਰਨ ਹੈ ਕਿ ਮਾਂ ਉਸਦੇ ਨਾਲ ਰਹਿੰਦੀ ਹੈ ਜੋ ਕਾਫ਼ੀ ਬਜ਼ੁਰਗ ਹੈ । ਕੁੜੀ ਦੀ ਵਿਆਹ ਦੀ ਉਹ ਉਮਰ ਲੰਘੀ ਜਾ ਰਹੀ ਹੈ ਤੇ ਉਹ ਆਪਣੀ ਮਾਂ ਨੂੰ ਵਾਰ ਵਾਰ ਇਕੋ ਹੀ ਜਵਾਬ ਦਿੰਦੀ ਹੈ ਕਿ ਉਹ ਆਪੇ ਕਰਵਾ ਲਵੇਗੀ । ਉਹ ਆਪਣੇ ਦਿਮਾਗ ਤੇ ਵੀ ਬਹੁਤਾ ਜ਼ੋਰ ਨਹੀਂ ਪਾਉਂਦੀ ਕਿਉਂਕਿ ਉਨ੍ਹਾਂ ਦੇ ਗੁਜ਼ਾਰੇ ਦਾ ਵੀ ਉਹੀ ਇਕ ਸਾਧਨ ਸੀ । ਇਸ ਦੀ ਉਦਾਹਰਣ ਇਨ੍ਹਾਂ ਸਤਰਾਂ ਵਿੱਚੋਂ ਮਿਲਦੀ ਹੈ :

"ਕੁੜੀ ਨੇ ਅਜੇ ਵਿਆਹ ਨਹੀਂ ਕਰਵਾਇਆ ਸੀ । ਜਦੋਂ ਘਰ ਵਾਲੇ ਗੱਲ ਛੇੜਦੇ ਤਾਂ ਆਖਦੀ, "ਆਪੇ ਕਰਵਾ ਲਵਾਂਗੀ ।" "ਚਲੋ ਆਪੇ ਹੀ ਕਰਵਾ, ਪਰ ਕਰਵਾ ਤਾਂ ਸਹੀ" ਉਹ ਆਖਦੇ । "ਆਪੇ ਕਰਵਾ ਲਵਾਂਗੀ" ਉਹ ਫਿਰ ਆਖਦੀ । ਤਨਖਾਹ ਵਿਚੋਂ ਕੁਝ ਪੈਸੇ ਉਹ ਘਰ ਘੱਲ ਦਿੰਦੀ । ਇਹ ਗੱਲ ਉਨ੍ਹਾਂ ਨੂੰ ਚੰਗੀ ਲੱਗਦੀ । ਮਾਪੇ ਇਸੇ ਲਈ ਤਾਂ ਔਲਾਦ ਨੂੰ ਪੜ੍ਹਾਉਂਦੇ ਹਨ ਕਿ ਉਹ ਖੱਟ ਕਮਾ ਕੇ ਕੁਝ ਉਨ੍ਹਾਂ ਨੂੰ ਵੀਹ ਦੇਣ ।"

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕੁਲਵੰਤ ਸਿੰਘ ਵਿਰਕ ਇਸ ਕਹਾਣੀ ਵਿਚਲੇ ਦੋਵਾਂ ਪਾਤਰਾਂ ਰਾਹੀਂ ਉਨ੍ਹਾਂ ਦੇ ਅੰਤਰ-ਦਵੰਦ ਨੂੰ ਪੇਸ਼ ਕਰਦਾ ਹੈ । ਇਹ ਅੰਤਰ-ਦਵੰਦ ਇੱਕ ਪਾਸੇ ਵਿਅਕਤੀਗਤ ਅਕਾਂਖਿਆਵਾਂ ਦਾ ਤੇ ਦੂਜੇ ਪਾਸੇ ਆਰਥਿਕ ਤੰਗੀ ਤੇ ਸਮਾਜਿਕ ਵਰਤਾਰੇ ਦਾ ਹੈ । ਉਹ ਇਨ੍ਹਾਂ ਪਾਤਰਾਂ ਰਾਹੀਂ ਉਨ੍ਹਾਂ ਸਾਹਮਣੇ ਪੇਸ਼ ਹੋਈਆਂ ਸਥਿਤੀਆਂ ਵਿੱਚੋਂ ਲੰਘ ਕੇ ਉਨ੍ਹਾਂ ਨੂੰ ਆਪਣੇ ਦਰਦ ਬਿਆਨ ਕਰਨ ਦਾ ਮੌਕਾ ਦਿੰਦਾ ਹੈ । ਇਸ ਤਰ੍ਹਾਂ, ਇਹ ਦੋਵੇਂ ਪਾਤਰ ਆਪੋ ਆਪਣੀ ਸਥਿਤੀ ਦੇ ਪ੍ਰਤੀਨਿਧ ਬਣ ਜਾਂਦੇ ਹਨ । ਇਕ ਪਾਸੇ ਮਾਂ ਹੈ ਜੋ ਪਰੰਪਰਕ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦੀ ਹੋਈ ਅਜੋਕੀ ਸਥਿਤੀ ਨਾਲ ਸਮਝੋਤਾ ਕਰਦੀ ਹੈ। ਉਸਦੀ ਆਪਣੀ ਧੀ ਜੋ ਬੇਬਾਕ ਤਬੀਅਤ ਦੀ ਹੈ ਅਤੇ ਆਪਣੀ ਆਰਥਿਕ ਆਜ਼ਾਦੀ ਦੀ ਖੁੱਲ੍ਹ ਨੂੰ ਮਾਣ ਰਹੀ ਹੈ, ਉਹ ਕਿਸੇ ਵੀ ਸਮਾਜਿਕ ਪ੍ਰਬੰਧ ਨੂੰ ਸਵੀਕਾਰ ਨਹੀਂ ਕਰਦੀ ਤੇ ਆਪਣੀ

ਮਰਜ਼ੀ ਪੁਗਾਉਂਦੀ ਹੋਈ ਇਕ ਹਾਣ ਦੇ ਮੁੰਡੇ ਨਾਲ ਰਿਸ਼ਤਾ ਬਣਾਉਂਦੀ ਹੈ ਤੇ ਉਸ ਨੂੰ ਬੇਝਿਜਕ ਘਰ ਵੀ ਲੈ ਕੇ ਆਉਂਦੀ ਹੈ ।

"ਕਿਸੇ ਬੰਦੇ ਨਾਲ ਇੰਨਾ ਮੇਲ ਜੋਲ ਤਾਂ ਠੀਕ ਨਹੀਂ। ਉਸਦੀ ਮਾਂ ਸੋਚਦੀ ਹੈ, "ਖ਼ਾਸਕਰ ਉਸ ਬੰਦੇ ਨਾਲ, ਜਿਸ ਦਾ ਕੋਈ ਅੱਗਾ ਪਿੱਛਾ ਹੀ ਪਤਾ ਨਾ ਹੋਵੇ । ਕੁੜੀ ਨੂੰ ਇਸ ਗੱਲ ਤੋਂ ਵਰਜਣਾ ਚਾਹੀਦਾ ਹੈ ।" ਪਰ ਵਰਜੇ ਕਿਸ ਤਰ੍ਹਾਂ ? ਜੇ ਕੁੜੀ ਦੀ ਇਹੋ ਨੀਅਤ ਸੀ ਤਾਂ ਉਹ ਵਰਜੀ ਕਿੱਥੇ ਜਾਣ ਲੱਗੀ ਸੀ। . . . . ਮਾਂ ਨੂੰ ਉਸ ਓਪਰੇ ਬੰਦੇ ਤੋਂ ਭੈਅ ਆਉਣ ਲੱਗ ਪਿਆ ਸੀ । . . . ਪਤਾ ਨਹੀਂ ਹੈ ਕੌਣ ਸੀ । ਹੱਦ ਹੋ ਗਈ । ਢਿੱਡੋਂ ਜੰਮਣ ਅਤੇ ਪਾਲਣ ਵਾਲੀ ਮਾਂ ਬਿਗਾਨੀ ਹੋ ਗਈ ਅਤੇ ਇਹ ਕੋਈ ਬਾਹਰਲਾ ਲੱਲੂ ਪੰਜੂ ਸਕਾ ਬਣ ਬੈਠਾ ।"

ਇਸ ਕਹਾਣੀ ਦਾ ਸਿਰਲੇਖ 'ਘੁੰਡ' ਹੈ ਜੋ ਇਸ ਕਹਾਣੀ ਦੇ ਵਿਸ਼ੇ ਪੱਖ ਨਾਲ ਜੁੜਿਆ ਹੋਇਆ ਹੈ । ਇਹ ਸਿਰਲੇਖ ਕਹਾਣੀ ਵਿਚਲੀਆਂ ਮਾਨਵੀ ਸਥਿਤੀਆਂ ਨੂੰ ਪ੍ਰਤੀਕਾਤਮਕ ਢੰਗ ਨਾਲ ਉਜਾਗਰ ਕਰਦਾ ਹੈ। ਘੁੰਡ ਬਾਰੇ ਜੇ ਗੱਲ ਕਰਦੇ ਹਾਂ ਤਾਂ ਕਿਹਾ ਜਾ ਸਕਦਾ ਹੈ ਕਿ "ਘੁੰਡ ਭਾਰਤੀ ਔਰਤ ਦਾ ਇੱਕ ਅਜਿਹਾ ਗਹਿਣਾ ਹੈ ਜੋ ਉਸ ਨੂੰ ਸੰਗ ਸ਼ਰਮ ਤੇ ਝਿਜਕ ਦਾ ਅਹਿਸਾਸ ਕਰਵਾਉਂਦਾ ਹੈ ਅਤੇ ਨਾਲ ਹੀ ਵੱਡੇ ਛੋਟੇ ਰਿਸ਼ਤਿਆਂ ਦੀ ਅਹਿਮੀਅਤ ਬਣਾਈ ਰੱਖਦਾ ਹੈ।" (ਵਿਕੀਪੀਡੀਆ - ) ਕਹਾਣੀਕਾਰ ਨੇ ਘੁੰਡ ਦੇ ਇਸੇ ਪ੍ਰਤੀਕਾਤਮਕ ਪੱਖ ਨੂੰ ਲੈ ਕੇ ਇਸ ਵਿਚਲੀਆਂ ਸਥਿਤੀਆਂ ਦੀ ਉਸਾਰੀ ਕੀਤੀ ਹੈ । ਕਹਾਣੀ ਦੇ ਸਿਰਲੇਖ ਬਾਰੇ ਇਸ ਮੁੱਢਲੀ ਚਰਚਾ ਤੋਂ ਬਾਦ ਅਸੀਂ ਇਸਦੇ ਪਾਠਗਤ ਅਧਿਐਨ ਵਲ ਪਰਤਦੇ ਹਾਂ।

ਇਸ ਕਹਾਣੀ ਦਾ ਪਾਠਗਤ ਅਧਿਐਨ ਕਰਨ ਲਈ ਇਸਦੀ ਟੈਕਸਟ ਦਾ ਗਹਿਰਾਈ ਨਾਲ ਅਧਿਐਨ ਕਰਨਾ ਜ਼ਰੂਰੀ ਹੈ। ਸੱਭ ਤੋਂ ਪਹਿਲਾਂ ਇਸ ਕਹਾਣੀ ਦੀਆਂ ਮੁੱਢਲੀਆਂ ਪੰਕਤੀਆਂ ਸਾਡਾ ਧਿਆਨ ਆਕਰਸ਼ਿਤ ਕਰਦੀਆਂ ਹਨ :

"ਕੁੜੀ ਬੜੀ ਮੂੰਹ ਜ਼ੋਰ ਸੀ ਜੇ ਘੋੜੀ ਮੂੰਹ ਜ਼ੋਰ ਹੋਵੇ ਤਾਂ ਕੰਡਿਆਲੇ ਅਤੇ ਸਵਾਰ ਦੀ ਕੋਈ ਪ੍ਰਵਾਹ ਨਹੀਂ ਕਰਦੀ ਭੱਜੀ ਹੋਈ ਖਲਾਰਿਆ ਖਲੋਂਦੀ ਨਹੀਂ ਅਤੇ ਕਿਸੇ ਪਾਸੇ ਮੋੜਿਆ ਮੁੜਦੀ ਨਹੀਂ । ਪਰ ਕੁੜੀ ਲਈ ਨਾ ਕੋਈ ਕੰਡਿਆਲਾ ਸੀ ਅਤੇ ਨਾ ਕੋਈ ਸਵਾਰ ਬਸ ਇਕੱਲੀ ਮਾਂ ਹੀ ਮਾਂ ਸੀ ਵਿਚਾਰੀ ਬੁੱਢੀ ਮਾਂ ।"

ਕਹਾਣੀ ਦੀਆਂ ਇਨ੍ਹਾਂ ਪੰਕਤੀਆਂ ਵਿਚ ਇਸ ਕਹਾਣੀ ਦੀ ਮੁੱਖ ਪਾਤਰ 'ਕੁੜੀ' ਦੇ ਸੁਭਾਅ ਅਤੇ ਚਰਿੱਤਰ ਦੀਆਂ ਮੂਲ ਵਿਸ਼ੇਸ਼ਤਾਵਾਂ ਉਜਾਗਰ ਹੁੰਦੀਆਂ ਹਨ । ਦਿਲਚਸਪ ਗੱਲ ਇਹ ਹੈ ਕਿ ਲੇਖਕ ਨੇ ਇਸ ਵਿਚਲੀ ਮੁੱਖ ਪਾਤਰ ਨੂੰ ਕੋਈ ਨਾਮ ਨਹੀਂ ਦਿੱਤਾ। ਉਸ ਨੂੰ ਸਿਰਫ਼ ਕੁੜੀ ਆਖਿਆ ਹੈ। ਇਹ ਕੁੜੀ ਕੋਈ ਵੀ ਅਜਿਹੀ ਕੁੜੀ ਹੋ ਸਕਦੀ ਹੈ ਜੋ ਅਜੋਕੀ ਦਿਨੋ-ਦਿਨ ਬਦਲ ਰਹੀ ਅਰਥ-ਵਿਵਸਥਾ ਵਿਚ ਜਿਉਂ ਰਹੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਇਕ ਤਾਂ ਉਸ ਦਾ ਸੁਭਾਅ ਬੇਬਾਕੀ ਨਾਲ ਭਰਿਆ ਹੋਇਆ ਹੈ । ਉਹ ਆਪਣੇ ਵਿਅਕਤੀਗਤ ਜੀਵਨ ਵਿਚ ਇਕ ਸੁਤੰਤਰ ਹੋਂਦ ਦੀ ਧਾਰਨੀ ਹੈ। ਉਹ ਆਪਣੇ ਜੀਵਨ ਉੱਤੇ ਕਿਸੇ ਵੀ ਤਰ੍ਹਾਂ ਦੇ ਬੰਧਨ ਦੀ ਹਾਮੀ ਨਹੀਂ ਭਰਦੀ। ਲੇਖਕ ਨੇ ਮੁੱਖ ਪਾਤਰ ਦੇ ਸੁਭਾਅ ਦੀ ਇਸ ਵਿਸ਼ੇਸ਼ਤਾ ਨੂੰ ਕਿਸੇ 'ਮੂੰਹ ਯੋਰ' (ਅੜੀਅਲ) ਘੋੜੀ ਦੀ ਤੁਲਨਾ ਵਿੱਚ ਰੱਖ ਕੇ ਪੇਸ਼ ਕੀਤਾ ਹੈ । ਜਿਸ ਤਰ੍ਹਾਂ ਅੜੀਅਲ ਘੋੜੀ ਕਿਸੇ ਕੰਡਿਆਲੇ ਰਸਤੇ ਤੇ ਆਪਣੇ ਸਵਾਰ ਦੀ ਵੀ ਪਰਵਾਹ ਨਹੀਂ ਕਰਦੀ ਉਸੇ ਤਰ੍ਹਾਂ ਕਹਾਣੀ ਵਿਚਲੀ ਇਹ ਮੂੰਹ ਜ਼ੋਰ ਕੁੜੀ ਵੀ ਆਪਣੇ ਜੀਵਨ ਸਫ਼ਰ ਉੱਤੇ ਤੁਰਦੀ ਹੈ । ਲੇਖਕ ਨੇ ਇਸ ਪਾਤਰ ਦੇ ਅੜੀਅਲ ਤੇ ਬੇਬਾਕ ਸੁਭਾਅ ਨੂੰ ਉਸ ਦੀ ਆਰਥਕ ਹੈਸੀਅਤ ਨਾਲ ਜੋੜ ਕੇ ਪੇਸ਼ ਕੀਤਾ ਹੈ । ਦੂਸਰੇ ਸ਼ਬਦਾਂ ਵਿੱਚ ਇਸ ਕੁੜੀ ਦਾ ਨੌਕਰੀ ਪੇਸ਼ਾ ਹੋਣਾ ਹੀ ਉਸ ਦੀ ਮੁੱਖ ਵਿਸ਼ੇਸ਼ਤਾ ਬਣ ਕੇ ਸਾਹਮਣੇ ਆਉਂਦਾ ਹੈ ।

ਅਸਲ ਵਿਚ ਇਹ ਕਹਾਣੀ ਪੰਜਾਬੀ ਸਮਾਜ ਦੇ ਉਸ ਦੌਰ ਦੀ ਸਥਿਤੀ ਨੂੰ ਪੇਸ਼ ਕਰਦੀ ਹੈ ਜਦੋਂ ਔਰਤ ਨੂੰ ਕੇਵਲ ਘਰ ਦੀ ਚਾਰਦੀਵਾਰੀ ਵਿਚ ਹੀ ਰਹਿਣਾ ਪੈਂਦਾ ਸੀ । ਮਰਦ ਦੀ ਪ੍ਰਧਾਨਗੀ ਵਾਲਾ ਪਰੰਪਰਕ ਸਮਾਜ ਔਰਤ ਨੂੰ ਪੜ੍ਹ ਲਿਖ ਕੇ ਨੌਕਰੀ ਪੇਸ਼ਾ ਹੋਣ ਨੂੰ ਉਤਸ਼ਾਹਿਤ ਨਹੀਂ ਸੀ ਕਰਦਾ । ਇਸ ਤਰ੍ਹਾਂ ਇਹ ਕਹਾਣੀ ਪੰਜਾਬੀ ਸਮਾਜ ਵਿੱਚ ਵਾਪਰ ਰਹੇ ਨਵੇਂ ਪਰਿਵਰਤਨ ਦੀ ਲਖਾਇਕ ਬਣ ਜਾਂਦੀ ਹੈ ।

ਇਹ ਪਰਿਵਰਤਨ ਇਸ ਪੱਖੋਂ ਹੈ ਕਿ ਆਰਥਿਕ ਸੁਤੰਤਰਤਾ ਔਰਤ ਨੂੰ ਸਵੈਮਾਨ ਨਾਲ ਜਿਊਣ ਲਈ ਪ੍ਰੇਰਿਤ ਕਰਦੀ ਹੈ । ਕਹਾਣੀ ਵਿਚਲੀ ਮੁੱਖ ਪਾਤਰ ਰਵਾਇਤੀ ਲੀਹਾਂ ਨੂੰ ਤੋੜਦੀ ਕਿਸੇ ਸ਼ਹਿਰ ਜਾ ਕੇ ਨੌਕਰੀ ਕਰਨ ਅਤੇ ਆਪਣੇ ਪਰਿਵਾਰ ਦੀ ਦੇਖਭਾਲ ਕਰਨ ਦੀ ਸਾਰੀ ਜ਼ਿੰਮੇਵਾਰੀ ਚੁੱਕ ਲੈਂਦੀ ਹੈ । ਅਤੇ ਇਸੇ ਵਜ੍ਹਾ ਕਰਕੇ ਉਸ ਦੇ ਸੁਭਾਅ ਵਿੱਚ ਤਬਦੀਲੀ ਵਾਪਰਦੀ ਹੈ। ਉਹ ਹੁਣ ਕਿਸੇ ਵੀ ਸਮਾਜਿਕ ਬੰਦਸ਼ ਨੂੰ ਮੰਨਣ ਤੋਂ ਇਨਕਾਰੀ ਹੈ ਅਤੇ ਆਪਣੇ ਜੀਵਨ ਦੇ ਅਹਿਮ ਫ਼ੈਸਲੇ ਖ਼ੁਦ ਲੈਣ ਵੱਲ ਰੁਚਿਤ ਹੁੰਦੀ ਹੈ । ਮੁੱਖ ਗੱਲ ਇਹ ਹੈ ਕਿ ਇਸ ਪਾਤਰ ਦਾ ਅੜੀਅਲ ਮੂੰਹ ਜ਼ੋਰ ਸੁਭਾਅ ਆਪਹੁਦਰਾ ਨਹੀਂ ਸਗੋਂ ਸਮਾਜਿਕ ਜ਼ਿੰਮੇਵਾਰੀਆਂ ਨਾਲ ਜੁੜਿਆ ਹੋਇਆ ਹੈ । ਇਹੋ ਹੀ ਇਸ ਕਹਾਣੀ ਦੀ ਕੇਂਦਰੀ ਵਿਸ਼ੇਗਤ ਸਾਰਥਿਕਤਾ ਦਾ ਮੂਲ ਆਧਾਰ ਹੈ।

ਇਸ ਕਹਾਣੀ ਦੇ ਰਚਨਾ ਸੰਸਾਰ ਵਿੱਚ ਪਿੰਡ ਅਤੇ ਸ਼ਹਿਰ ਪਰੰਪਰਾ ਤੇ ਨਵੀਨਤਾ ਦੇ ਲਖਾਇਕ ਹੋ ਕੇ ਪੇਸ਼ ਹੁੰਦੇ ਹਨ । ਮੁੱਖ ਪਾਤਰ ਦਾ ਪਿੰਡ ਦੇ ਪਰੰਪਰਕ ਮਾਹੌਲ ਵਿਚੋਂ ਨਿਕਲ ਕੇ ਸ਼ਹਿਰ ਵਿਚ ਨਿਵਾਸ ਕਰਨਾ ਅਤੇ ਨੌਕਰੀ ਕਰਨਾ ਉਸ ਦੇ ਜੀਵਨ ਵਿਚ ਵਾਪਰ ਰਹੇ ਨਵੇਂ ਪਰਿਵਰਤਨ ਦਾ ਸੂਚਕ ਬਣ ਜਾਂਦਾ ਹੈ ।

ਜਿਹੜੀ ਗੱਲ ਪਿੰਡ ਦੇ ਪਰੰਪਰਕ ਮਾਹੌਲ ਵਿੱਚ ਸੰਭਵ ਨਹੀਂ ਸੀ ਉਹ ਸ਼ਹਿਰ ਦੇ ਮਾਹੌਲ ਵਿੱਚ ਸੰਭਵ ਹੋ ਜਾਂਦੀ ਹੈ । ਪਿੰਡ ਦਾ ਭਾਈਚਾਰਕ ਮਾਹੌਲ ਵਿਅਕਤੀ ਨੂੰ ਕਿਸੇ ਆਪਹੁਦਰੇਪਣ ਦੀ ਸਵੀਕ੍ਰਿਤੀ ਨਹੀਂ ਦਿੰਦਾ । ਔਰਤ ਨੂੰ ਤਾਂ ਬਿਲਕੁਲ ਵੀ ਨਹੀਂ । ਇਸੇ ਲਈ ਸਮਾਜ ਤੋਂ ਵਿਦਰੋਹ ਕਰਨ ਵਾਲਿਆਂ ਨੂੰ ਨਿੰਦਿਆ ਤੇ ਭੰਡਿਆ ਜਾਂਦਾ ਹੈ । ਪਰ ਸ਼ਹਿਰ ਦੇ ਮਾਹੌਲ ਵਿੱਚ ਸਥਿਤੀ ਇਹੋ ਜਿਹੀ ਨਹੀਂ ਹੁੰਦੀ । ਸ਼ਹਿਰ ਦੇ ਮਾਹੌਲ ਵਿਚ ਰਹਿਣ ਵਾਲੇ ਪਰਿਵਾਰਾਂ ਦੀ ਸਥਿਤੀ ਪਿੰਡ ਦੇ ਸੰਘਣੇ ਭਾਈਚਾਰਕ ਮਾਹੌਲ ਨਾਲੋਂ ਵੱਖਰੀ ਹੁੰਦੀ ਹੈ । ਇਸ ਮਾਹੌਲ ਵਿੱਚ ਪਿੰਡ ਦੀਆਂ ਸਮੂਹਵਾਦੀ ਕਦਰਾਂ ਕੀਮਤਾਂ ਨਾਲੋਂ ਵਿਅਕਤੀਵਾਦੀ ਕਦਰਾਂ ਕੀਮਤਾਂ ਦੀ ਪ੍ਰਧਾਨਗੀ ਵਧੇਰੇ ਹੁੰਦੀ ਹੈ । ਇੱਥੇ ਵਿਅਕਤੀ ਕਿਸੇ ਹੱਦ ਤਕ ਪਰੰਪਰਾ ਦੀ ਜਕੜ ਤੋਂ ਮੁਕਤ ਹੋ ਕੇ ਵਿਚਰ ਸਕਦਾ ਹੈ । ਕਹਾਣੀ ਵਿਚਲੀ ਮੁੱਖ ਪਾਤਰ ਦੀ ਸਥਿਤੀ ਵੀ ਇਸੇ ਕਿਸਮ ਦੀ ਹੈ । ਉਹ ਆਪਣੀ ਵਿਅਕਤੀਗਤ ਸੁਤੰਤਰਤਾ ਦੀ ਸਥਿਤੀ ਵਿੱਚ ਵਿਚਰਦੀ ਹੈ ਅਤੇ ਉਸ ਦੇ ਮਨ ਵਿੱਚ ਕਿਸੇ ਕਿਸਮ ਦਾ ਤਣਾਓ ਜਾਂ ਦਵੰਦ ਵੀ ਨਹੀਂ ਹੈ । ਕਹਾਣੀ ਦੀ ਟੈਕਸਟ ਵਿਚ ਮੁੱਖ ਪਾਤਰ ਦੀ ਇਸ ਬਦਲੀ ਹੋਈ ਸਥਿਤੀ ਅਤੇ ਮਾਨਸਿਕਤਾ ਨੂੰ ਇਨ੍ਹਾਂ ਪੰਗਤੀਆਂ ਰਾਹੀਂ ਪੇਸ਼ ਕੀਤਾ ਗਿਆ ਹੈ :

"ਪੜ੍ਹ ਕੇ ਅਤੇ ਦਿੱਲੀ ਵਿੱਚ ਰਹਿ ਕੇ ਕੁੜੀ ਹੋਰ ਦੀ ਹੋਰ ਹੀ ਨਿਕਲ ਆਈ ਸੀ । ਪਿੰਡ ਵਿੱਚ ਹੁਣ ਕਿਸ ਤਰ੍ਹਾਂ ਰਹਿ ਸਕਦੀ ਸੀ । ਜੇ ਕੋਈ ਮਾੜੀ ਮੋਟੀ ਨੌਕਰੀ ਵਾਲਾ ਲੱਭਦਾ ਸੀ ਤਾਂ ਕੁੜੀ ਗੱਲ ਹੀ ਨਾ ਗੌਲਦੀ। ਕਹਿੰਦੀ ਤੁਸੀਂ ਕੋਈ ਭਰਮ ਨਾ ਕਰੋ ਵਿਆਹ ਆਪੇ ਹੋ ਜਾਏਗਾ । ਕਾਹਦੀ ਕਾਹਲ ਏ ਉਹ ਚੁੱਪ ਕਰ ਜਾਂਦੇ । ਮਾੜੇ ਥਾਂ ਧੱਕੇ ਨਾਲ ਉਹ ਉਹਦਾ ਵਿਆਹ ਕਿਵੇਂ ਕਰ ਸਕਦੇ ਸਨ ? ਕੁੜੀ ਬੜੀ ਮੂੰਹ ਯੋਰ ਸੀ । "

ਇਨ੍ਹਾਂ ਪੰਕਤੀਆਂ ਵਿਚਲਾ ਪ੍ਰਸੰਗ ਸਾਡੀ ਪਰੰਪਰਕ ਵਿਆਹ ਸੰਸਥਾ ਨਾਲ ਜੁੜਿਆ ਹੈ । ਕਹਾਣੀ ਵਿਚ ਵਿਆਹ ਦੀ ਇਸ ਸੰਸਥਾ ਨੂੰ ਸਮੂਹ ਅਤੇ ਵਿਅਕਤੀਗਤ ਕਦਰਾਂ ਕੀਮਤਾਂ ਦੇ ਪ੍ਰਸੰਗ ਵਿੱਚ ਰੱਖ ਕੇ ਪੇਸ਼ ਕੀਤਾ ਗਿਆ ਹੈ । ਪ੍ਰਚੱਲਤ ਪਰੰਪਰਾ ਅਨੁਸਾਰ ਵਿਆਹ ਦਾ ਮਸਲਾ ਪਰਿਵਾਰ ਤੇ ਸਮਾਜ ਨਾਲ ਵਧੇਰੇ ਸਬੰਧ ਰੱਖਦਾ ਹੈ । ਇਸ ਵਿੱਚ ਵਿਅਕਤੀ ਦੀ ਭੂਮਿਕਾ ਨੂੰ ਬਹੁਤ ਅਸਥਾਨ ਨਹੀਂ ਦਿੱਤਾ ਗਿਆ । ਕਹਾਣੀ ਵਿਚ ਸਮਾਜ ਦੇ ਬਦਲ ਰਹੇ ਸਮਾਜਿਕ-ਆਰਥਿਕ ਪ੍ਰਬੰਧ ਨੂੰ ਅਗਰਭੂਮੀ ਵਿੱਚ ਲਿਆਂਦਾ ਗਿਆ ਹੈ । ਜਿਸ ਵਿੱਚ ਵਿਅਕਤੀਵਾਦੀ ਕਦਰਾਂ ਕੀਮਤਾਂ ਸਾਹਮਣੇ

ਆ ਰਹੀਆਂ ਹਨ । ਕਹਾਣੀ ਵਿਚਲੀ ਕੁੜੀ ਉੱਤੇ ਘਰ ਪਰਿਵਾਰ ਦਾ ਦਬਾਓ ਹੈ ਸਮੇਂ ਅਨੁਸਾਰ ਵਿਆਹ ਕਰਵਾਉਣ ਲਈ ਪਰ ਉਹ ਆਪਣੀ ਵਿਅਕਤੀਗਤ ਸੁਤੰਤਰਤਾ ਦਾ ਦਾ ਪੱਖ ਪੂਰਦੀ ਹੈ ਅਤੇ ਮਰਜ਼ੀ ਅਨੁਸਾਰ ਹੀ ਆਪਣਾ ਵਿਆਹ ਕਰਾਉਣ ਦੀ ਗੱਲ ਆਖਦੀ ਹੈ ।

ਸਮੁੱਚੇ ਤੌਰ ਤੇ ਇਹ ਕਹਾਣੀ ਪਰੰਪਰਾ ਤੇ ਆਧੁਨਿਕਤਾ ਦੇ ਦਵੰਦ ਨੂੰ ਪੇਸ਼ ਕਰਦੀ ਹੈ । ਇਹ ਪੰਜਾਬੀ ਸਮਾਜ ਸੱਭਿਆਚਾਰ ਦੇ ਬਦਲਦੇ ਹੋਏ ਸਮਾਜਿਕ ਤੇ ਆਰਥਿਕ ਤਾਣੇ ਬਾਣੇ ਦਾ ਵਿਸ਼ਲੇਸ਼ਣ ਪੇਸ਼ ਕਰਦੀ ਹੈ । ਇਸ ਵਿੱਚ ਪੇਸ਼ ਹੋਈਆਂ ਸਥਿਤੀਆਂ ਅੱਜ ਤੋਂ ਤਕਰੀਬਨ ਪੰਜਾਹ ਸੱਠ ਸਾਲ ਪਹਿਲਾਂ ਦੇ ਪੰਜਾਬੀ ਸਮਾਜ ਸਭਿਆਚਾਰ ਨਾਲ ਸੰਬੰਧ ਰੱਖਦੀਆਂ ਹਨ । ਇਹ ਉਹ ਸਮਾਂ ਸੀ ਜਦੋਂ ਪੰਜਾਬੀ ਜੀਵਨ ਵਿੱਚ ਸਰਮਾਏਦਾਰੀ ਅਰਥਵਿਵਸਥਾ ਅਤੇ ਆਧੁਨਿਕਤਾ ਦਾ ਨਵਾਂ ਨਵਾਂ ਪ੍ਰਵੇਸ਼ ਹੋ ਰਿਹਾ ਸੀ । ਜਗੀਰਦਾਰੀ ਅਰਥਵਿਵਸਥਾ ਦੀਆਂ ਕਦਰਾਂ ਕੀਮਤਾਂ ਆਧੁਨਿਕਤਾ ਦੇ ਦਬਾਓ ਹੇਠਾਂ ਟੁੱਟਦੀਆਂ ਜਾ ਰਹੀਆਂ ਸਨ । ਕਹਾਣੀਕਾਰ ਨੇ ਪਰੰਪਰਾ ਅਤੇ ਆਧੁਨਿਕਤਾ ਦੇ ਇਸ ਦਵੰਦ ਨੂੰ ਔਰਤ ਦੀ ਬਦਲ ਰਹੀ ਸਥਿਤੀ ਦੇ ਮਾਧਿਅਮ ਰਾਹੀਂ ਪੇਸ਼ ਕੀਤਾ ਹੈ । ਕਹਾਣੀ ਵਿਚਲੀ ਮੁੱਖ ਪਾਤਰ 'ਕੁੜੀ' ਜਦੋਂ ਪੜ੍ਹ ਲਿਖ ਕੇ ਨੌਕਰੀ ਪੇਸ਼ਾ ਬਣਦੀ ਹੈ ਤਾਂ ਹੀ ਸਮਾਜਿਕ ਕਦਰਾਂ ਕੀਮਤਾਂ ਵਿਚ ਤਣਾਓ ਪੈਦਾ ਹੁੰਦਾ ਹੈ । ਇਕ ਪਾਸੇ ਪਰੰਪਰਾ ਹੈ ਜੋ ਪਿੰਡ ਦੇ ਸਦੀਆਂ ਪੁਰਾਣੇ ਜੀਵਨ ਢੰਗ ਨਾਲ ਸੰਬੰਧ ਰੱਖਦੀ ਹੈ ਅਤੇ ਦੂਸਰੇ ਪਾਸੇ ਆਧੁਨਿਕਤਾ ਹੈ ਜੋ ਸਰਮਾਏਦਾਰੀ ਜੀਵਨ ਢੰਗ ਨਾਲ ਨਵੀਂ ਨਵੀਂ ਪ੍ਰਵੇਸ਼ ਕਰ ਰਹੀ । ਕਹਾਣੀਕਾਰ ਨੇ ਪਰੰਪਰਾ ਤੇ ਆਧੁਨਿਕਤਾ ਦੇ ਇਸ ਦਵੰਦ ਨੂੰ ਮਾਂ ਅਤੇ ਧੀ ਦੇ ਪਾਤਰਾਂ ਰਾਹੀਂ ਪੇਸ਼ ਕੀਤਾ ਹੈ । ਕਹਾਣੀ ਦਾ ਸਿਰਲੇਖ 'ਘੁੰਡ' ਓਹਲੇ ਦਾ ਪ੍ਰਤੀਕ ਬਣ ਜਾਂਦਾ ਹੈ । ਪਰ ਇਸ ਓਹਲੇ ਦੀ ਮਜਬੂਰੀ ਦਾ ਸੰਤਾਪ ਪਰੰਪਰਾ ਨੂੰ ਹੰਢਾਉਣਾ ਪੈਂਦਾ ਹੈ ਆਧੁਨਿਕਤਾ ਨੂੰ ਨਹੀਂ । ਇਸ ਤਰ੍ਹਾਂ ਲੇਖਕ ਨੇ 'ਕੁੜੀ' ਪਾਤਰ ਦੇ ਮਾਧਿਅਮ ਰਾਹੀਂ ਆਧੁਨਿਕ ਚੇਤਨਾ ਰਾਹੀਂ ਉਭਰ ਰਹੀ ਵਿਅਕਤੀਗਤ ਸੁਤੰਤਰਤਾ ਅਤੇ ਸਵੈਮਾਣ ਦੀ ਭਾਵਨਾ ਨੂੰ ਪੇਸ਼ ਕੀਤਾ ਹੈ ।